This Question Paper consists of 13 questions 15 printed pages.
ਇਸ ਪ੍ਰਸ਼ਨ-ਪੱਤਰ ਵਿੱਚ 13 ਪ੍ਰਸ਼ਨ ਅਤੇ 15 ਛਪੇ ਹੋਏ ਪੰਨੇ ਹਨ।

Roll No.
ਰੋਲ ਨੰ:
ਅੰਕਾਂ ਵਿੱਚ

| | | | | | | | | | | | |
|---|---|---|---|---|---|---|---|---|---|---|---|
| | | | | | | | | | | | |

**Code No.** **69/SS/A/P**
ਕੋਡ ਨੰ.

**Set / ਸੈਟ** **A**

# PUNJABI
# (ਪੰਜਾਬੀ)
# (310)

Day and Date of Examination ...................................................................................
(ਪ੍ਰੀਖਿਆ ਦਾ ਦਿਨ ਅਤੇ ਮਿਤੀ)

Signature of Invigilators 1. ...................................................................................
(ਨਿਗਰਾਨਾਂ ਦੇ ਹਸਤਾਖ਼ਰ)

2. ...................................................................................

---

**ਆਮ ਨਿਰਦੇਸ਼ :**

1. ਵਿਦਿਆਰਥੀ ਨੂੰ ਪ੍ਰਸ਼ਨ ਪੱਤਰ ਦੇ ਪਹਿਲੇ ਪੰਨੇ 'ਤੇ ਆਪਣਾ ਨਾਂ ਅਤੇ ਰੋਲ ਨੰਬਰ ਲਿਖਣਾ ਜ਼ਰੂਰੀ ਹੈ।

2. ਪ੍ਰਸ਼ਨ-ਪੱਤਰ ਦੇ ਸਾਰੇ ਪੰਨਿਆ ਨੂੰ ਦੇਖਣਾ ਅਤੇ ਜਾਂਚਣਾ ਜ਼ਰੂਰੀ ਹੈ ਅਤੇ ਪ੍ਰਸ਼ਨ-ਪੱਤਰ ਵਿੱਚ ਪ੍ਰਸ਼ਨਾਂ ਦੀ ਗਿਣਤੀ ਉੱਤਰ ਪੁਸਤਕ ਦੇ ਉੱਪਰ ਪਹਿਲੇ ਪੰਨੇ ਤੇ ਛਪੇ ਨੰਬਰਾਂ ਨਾਲ ਮਿਲਦੀ ਹੋਣੀ ਚਾਹੀਦੀ ਹੈ। ਇਹ ਵੀ ਦੇਖਿਆ ਜਾਵੇ ਕਿ ਪ੍ਰਸ਼ਨ ਪੱਤਰ ਵਿੱਚ ਪ੍ਰਸ਼ਨ ਕ੍ਰਮ (ਸੀਰੀਅਲ) ਅਨੁਸਾਰ ਹੋਵੇ।

3. ਆਬਜੈਕਟਿਵ ਟਾਈਪ ਪ੍ਰਸ਼ਨ ਜਿਹਨਾਂ ਦੇ ਚਾਰ ਵਿਕਲਪ (A), (B), (C) ਅਤੇ (D) ਹਨ, ਜਿਹਨਾਂ ਵਿੱਚੋਂ ਇੱਕ ਠੀਕ ਵਿਕਲਪ ਚੁਣਨਾ ਹੈ ਅਤੇ ਠੀਕ ਉੱਤਰ ਨੂੰ ਪੁਸਤਕ ਵਿੱਚ ਲਿਖਣਾ ਹੈ। ਸਾਰੇ ਪ੍ਰਸ਼ਨ-ਪੱਤਰ ਵਿੱਚ ਸਬਜੈਕਟਿਵ ਟਾਈਪ ਪ੍ਰਸ਼ਨ ਵੀ ਹਨ ਜੋ ਨਿਰਧਾਰਤ ਸਮੇਂ ਅਨੁਸਾਰ ਹੀ ਕਰਨੇ ਹਨ ਕਿਉਂਕਿ ਨਿਰਧਾਰਤ ਤੋਂ ਵਾਧੂ ਸਮਾਂ ਨਹੀਂ ਦਿੱਤਾ ਜਾਵੇਗਾ।

4. ਕੋਈ ਵੀ ਨਿਸ਼ਾਨ ਜਾਂ ਰੋਲ ਨੰਬਰ ਉੱਤਰ ਪੁਸਤਕ ਦੀ ਕਿਸੇ ਵੀ ਜਗ੍ਹਾਂ ਤੇ ਨਹੀਂ ਹੋਣਾ ਚਾਹੀਦਾ, ਨਹੀਂ ਤਾਂ ਵਿਦਿਆਰਥੀ ਨੂੰ ਪ੍ਰੀਖਿਆ ਤੋਂ ਬਾਹਰ ਕਰ ਦਿੱਤਾ ਜਾਵੇਗਾ।

5. ਉੱਤਰ ਪੁਸਤਕ ਦੇ ਪ੍ਰਸ਼ਨ ਪੁਸਤਕ ਦਾ ਨੰਬਰ 69/SS/A/P ਜ਼ਰੂਰ ਲਿਖੋ।



Unnati Educations
9899436384, 9654279279

# PUNJABI
# ਪੰਜਾਬੀ
# (310)

ਸਮਾਂ : 3 ਘੰਟੇ ] [ ਕੁਲ ਅੰਕ : 100

**ਨੋਟ** : ਹੇਠ ਲਿਖੇ ਨਿਰਦੇਸ਼ਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ:

(i) ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚ ਚੋਣ ਵੀ ਦਿੱਤੀ ਗਈ ਹੈ। ਉਸਨੂੰ ਧਿਆਨ ਨਾਲ ਵੇਖ ਕੇ ਹੱਲ ਕੀਤਾ ਜਾਵੇ।

(ii) ਉੱਤਰ ਨੂੰ ਧਿਆਨ ਨਾਲ ਲਿਖਿਆ/ਉੱਤਰਸ਼ੀਟ 'ਤੇ ਦਰਜ਼ ਕੀਤਾ ਜਾਵੇ।

(iiI) ਪ੍ਰਸ਼ਨ ਨੰਬਰ ਅੱਠ ਦੀ ਚੋਣ ਅਨੁਸਾਰ ਪਹਿਲੇ ਇੱਕ ਤੋਂ ਸੱਤ ਪ੍ਰਸ਼ਨ ਜਾਂ ਅਗਲੇ ਇੱਕ ਤੋਂ ਸੱਤ ਪ੍ਰਸ਼ਨ ਹੱਲ ਕੀਤੇ ਜਾਣ।

**ਨੋਟ :**

1. ਸਾਰੇ ਪ੍ਰਸ਼ਨਾਂ ਦੇ ਉੱਤਰ ਤੁਹਾਨੂੰ ਦਿੱਤੀ ਗਈ ਉੱਤਰ ਪੁਸਤਿਕਾ ਵਿੱਚ ਹੀ ਲਿਖੋ।
2. ਇਸ ਪ੍ਰਸ਼ਨ-ਪੱਤਰ ਨੂੰ ਪੜ੍ਹਣ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ। ਪ੍ਰਸ਼ਨ-ਪੱਤਰ ਦੀ ਵੰਡ ਦੁਪਹਿਰ 2.15 ਵਜੇ ਕੀਤੀ ਜਾਵੇਗੀ। 2.15 ਵਜੇ ਤੋਂ 2.30 ਵਜੇ ਤੱਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ-ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇਂ ਦੇ ਦੌਰਾਨ ਉਹ ਉੱਤਰ-ਪੁਸਤਿਕਾ 'ਤੇ ਕੋਈ ਉੱਤਰ ਨਹੀਂ ਲਿਖਣਗੇ।

**I.** ਪੁੱਛੇ ਗਏ ਸਾਰੇ ਪ੍ਰਸ਼ਨਾਂ ਦੇ ਉੱਤਰ ਲਿਖੋ : 1×10=10

**1.** 'ਡੋਗਰੀ' ਉਪਭਾਸ਼ਾ ਪੰਜਾਬ ਦੇ ਕਿਸ ਇਲਾਕੇ ਵਿੱਚ ਵਰਤੀ ਜਾਂਦੀ ਹੈ?

(A) ਕੁੱਲੂ (B) ਮੁਲਤਾਨ

(C) ਅੰਮ੍ਰਿਤਸਰ (D) ਝੰਗ

**2.** 'ੳ' ਨਾਲ ਕਿੰਨੇ ਸਵਰ-ਚਿੰਨ੍ਹ ਲਗਦੇ ਹਨ?

(A) ਤਿੰਨ (B) ਚਾਰ

(C) ਦੋ (D) ਪੰਜ



Unnati Educations
9899436384, 9654279279

3. ਪੰਜਾਬੀ ਸ਼ਬਦਾਂ ਨਾਲ ਇੱਕ ਤੋਂ ਵੱਧ ਹੇਠਾਂ ਲਿਖਿਆਂ ਵਿੱਚੋਂ ਕਿਸ ਦੀ ਵਰਤੋਂ ਹੁੰਦੀ ਹੈ?

(A) ਸਮਾਸੀ ਸ਼ਬਦ
(B) ਮੂਲ ਸ਼ਬਦ
(C) ਅਗੇਤਰ
(D) ਪਿਛੇਤਰ

4. ਜਿਹੜੇ ਸ਼ਬਦ ਦੇ ਅੱਗੇ ਜੁੜ ਕੇ ਨਵਾਂ ਸ਼ਬਦ ਬਣਾਉਂਦੇ ਹਨ? ਉਨ੍ਹਾਂ ਨੂੰ ਕੀ ਕਹਿੰਦੇ ਹਨ?

(A) ਅਗੇਤਰ
(B) ਪਿਛੇਤਰ
(C) ਮੂਲ ਸ਼ਬਦ
(D) ਸਮਾਸੀ ਸ਼ਬਦ

5. 'ਨਾਵਲਕਾਰ' ਸ਼ਬਦ ਵਿੱਚ ਪਿਛੇਤਰ ਕੀ ਹੈ?

(A) ਨਾ
(B) ਨਾਵਲ
(C) ਨਾਵ
(D) ਕਾਰ

6. 'ਵਚਨ' ਸ਼ਬਦ ਦੇ ਸਮਾਨਾਰਥਕ ਸ਼ਬਦ ਲਈ ਸਹੀ ਵਿਕਲਪ ਚੁਣੋ –

(A) ਸ਼ਕਤੀ
(B) ਇਕਰਾਰ
(C) ਵਰਿਆਮ
(D) ਤਾਲ

7. 'ਦੁਰਉਪਯੋਗ' ਸ਼ਬਦ ਦਾ ਸਹੀ ਵਿਰੋਧੀ ਸ਼ਬਦ ਚੁਣੋ –

(A) ਕੌੜਾ
(B) ਵਿਰਲਾ
(C) ਉਪਯੋਗ
(D) ਨੀਵਾਂ

8. 'ਕੰਡਾ' ਸ਼ਬਦ ਦੇ ਬਹੁਅਰਥਕ ਸ਼ਬਦ ਲਈ ਸਹੀ ਵਿਕਲਪ ਚੁਣੋ –

(A) ਦ੍ਰਿੜ
(B) ਧਾਤੂ
(C) ਤੋਲਣ ਦਾ ਜੰਤਰ
(D) ਸਫ਼ੈਦੀ


Unnati Educations
9899436384, 9654279279

**9.** ਮਿਸ਼ਰਿਤ ਵਾਕ ਕਿਸਨੂੰ ਆਖਦੇ ਹਨ?

(A) ਉਹਵਾਕ, ਜਿਸਦੀ ਬਣਤਰ ਵਿੱਚ ਘੱਟੋ-ਘੱਟ ਦੋ ਮੁੱਖ ਉਪਵਾਕ ਅਤੇ ਇੱਕ ਜਾਂ ਇੱਕ ਤੋਂ ਵੱਧ ਅਧੀਨ ਉਪਵਾਕ ਹੁੰਦੇ ਹਨ।

(B) ਉਹ ਵਾਕ, ਜਿਸ ਦੀ ਬਣਤਰ ਵਿੱਚ ਘੱਟੋ-ਘੱਟ ਇੱਕਮੁਖ ਵਾਕ ਅਤੇ ਇੱਕ ਜਾਂ ਇੱਕ ਤੋਂ ਵੱਧ ਅਧੀਨ ਉਪਵਾਕ ਹੁੰਦੇ ਹਨ।

(C) ਉਹ ਵਾਕ, ਜਿਸ ਵਿੱਚ ਇੱਕ ਕਿਰਿਆ, ਇੱਕ ਸਾਧਾਰਨ ਤੇ ਇੱਕ ਸੰਯੁਕਤ ਵਾਕ ਹੋਵੇ।

(D) ਉਹ ਵਾਕ, ਜਿਸ ਵਿੱਚ ਇੱਕ ਸਾਧਾਰਨ ਵਾਕ ਤੇ ਦੋ ਸੰਯੁਕਤ ਵਾਕ ਹੋਣ ਅਤੇ ਉਨ੍ਹਾਂ ਨੂੰ ਕਾਮਿਆਂ ਨਾਲ ਜੋੜਿਆ ਗਿਆ ਹੋਵੇ।

**10.** ਸਾਧਾਰਨ ਵਾਕ ਦੀ ਬਣਤਰ ਵਿੱਚ ਕਿੰਨੀਆਂ ਕਿਰਿਆਵਾਂ ਹੁੰਦੀਆਂ ਹਨ?

(A) ਸਾਧਾਰਨ ਵਾਕ ਦੀ ਬਣਤਰ ਵਿੱਚ ਕੋਈ ਕਿਰਿਆ ਨਹੀਂ ਹੁੰਦੀ।

(B) ਸਾਧਾਰਨ ਵਾਕ ਦੀ ਬਣਤਰ ਵਿੱਚ ਇੱਕ ਤੋਂ ਵੱਧ ਕਿਰਿਆਵਾਂ ਹੁੰਦੀਆਂ ਹਨ।

(C) ਸਾਧਾਰਨ ਵਾਕ ਦੀ ਬਣਤਰ ਵਿੱਚ ਇਕ ਕਿਰਿਆ ਹੁੰਦੀ ਹੈ।

(D) ਸਾਧਾਰਨ ਵਾਕ ਦੀ ਬਣਤਰ ਵਿੱਚ ਤਿੰਨ ਕਿਰਿਆਵਾਂ ਹੁੰਦੀਆਂ ਹਨ।

**II.** ਪੁੱਛੇ ਗਏ ਸਾਰੇ ਪ੍ਰਸ਼ਨਾਂ ਦੇ ਉੱਤਰ ਲਿਖੋ : $1 \times 8 = 8$

**1.** 'ਸਕਤਾ ਸੀਹੁ ਮਾਰੈ ਮੈ ਮਿਰਿਆ ਸਭ ਪਿਛੈ ਪੈ ਖਾਇ' ਗੁਰੂ ਨਾਨਕ ਦੇਵ ਜੀ ਦੀ ਬਾਣੀ-ਸਤਰ ਵਿੱਚ 'ਸਕਤਾ' ਸ਼ਬਦ ਦਾ ਕੀ ਭਾਵ ਹੈ?

(A) ਪਥਰੀਲਾ (B) ਹਉਮੈ

(C) ਤਕੜਾ (D) ਸ਼ੇਰ

**2.** ਗੁਰੂ ਨਾਨਕ ਦੇਵ ਜੀ ਅਨੁਸਾਰ ਕਿਹੜਾ ਰੋਗ ਬਹੁਤ ਵੱਡਾ ਹੈ?

(A) ਕੈਂਸਰ (B) ਭਗਤੀ

(C) ਬੁਖਾਰ (D) ਹਉਮੈਂ



**Unnati Educations**
**9899436384, 9654279279**

3. ਗੁਰੂ ਸਾਹਿਬ ਜੀ ਦੀ ਬਾਣੀ ਅਨੁਸਾਰ ਮਨੁੱਖੀ ਜੀਵਨ ਕੈਸਾ ਹੈ?

(A) ਔਖਾ
(B) ਸਥਿਰ
(C) ਖੂਬਸੂਰਤ
(D) ਥੋੜ੍ਹ ਚਿਰਾ

4. ਸੱਤਾ ਅਤੇ ਹਉਮੈਂ ਮਨੁੱਖ ਨੂੰ ਕਿਵੇਂ ਮਾਰ ਦਿੰਦੀ ਹੈ?

(A) ਆਤਮਕ ਤੌਰ 'ਤੇ
(B) ਸਰੀਰਕ ਤੌਰ 'ਤੇ
(C) ਮਾਇਕ ਤੌਰ 'ਤੇ
(D) ਦੁਨਿਆਵੀ ਤੌਰ 'ਤੇ

5. ਪੀਲੂ ਕਿੱਸਾਕਾਰ ਦੀ ਕਿਹੜੀ ਰਚਨਾ ਤੁਹਾਡੀ ਪਾਠ-ਪੁਸਤਕ ਵਿੱਚ ਦਰਜ਼ ਹੈ?

(A) ਵਾਰਿਸ ਸ਼ਾਹ
(B) ਪੰਜਾਬ
(C) ਜਵਾਨ ਪੰਜਾਬ ਦੇ
(D) ਮਿਰਜ਼ਾ ਸਾਹਿਬਾਂ

6. 'ਕੰਨ ਲੰਮੇ ਖੁਰ ਪਤਲੇ, ਦੁੰਮ ਬੱਕੀ ਦੀ ਸਿਆਹ' ਕਾਵਿ-ਸਤਰ ਵਿੱਚ 'ਖੁਰ' ਸ਼ਬਦ ਦੇ ਕੀ ਅਰਥ ਹਨ?

(A) ਪੂਛ
(B) ਪੈਰ
(C) ਕੰਨ
(D) ਸਰੀਰ

7. ਮਿਰਜ਼ੇ ਨੇ ਕਿੱਲੀਆਂ ਕਿਸ ਕੋਲੋਂ ਬਣਵਾਈਆਂ?

(A) ਮਜ਼ਦੂਰ
(B) ਕਿਸਾਨ
(C) ਤਰਖਾਣ
(D) ਲੁਹਾਰ

8. ਮਿਰਜ਼ੇ ਅਨੁਸਾਰ ਫਰਿਸ਼ਤੇ ਕਿਸ ਤੋਂ ਡਰਦੇ ਹਨ?

(A) ਮਿਰਜ਼ੇ ਤੋਂ
(B) ਬੱਕੀ ਤੋਂ
(C) ਖੀਵੇ ਖਾਨ ਤੋਂ
(D) ਸਾਹਿਬਾਂ ਤੋਂ



Unnati Educations
9899436384, 9654279279

**III.** ਪੁੱਛੇ ਗਏ ਸਾਰੇ ਪ੍ਰਸ਼ਨਾਂ ਦੇ ਉੱਤਰ ਲਿਖੋ : 1 × 5 = 5

**1.** ਭੂਆ ਨੂੰ ਕੀ ਬੀਮਾਰੀ ਹੋ ਗਈ ਸੀ?

(A) ਅੰਧਰਾਤੇ ਦੀ
(B) ਸ਼ੂਗਰ ਦੀ
(C) ਤਪੇਦਿਕ ਦੀ
(D) ਬੀ.ਪੀ. ਦੀ

**2.** ਬਿਸਤਰੇ ਤੇ ਲੰਮੇ ਪਿਆ ਲੇਖਕ ਔਖਾ ਮਹਿਸੂਸ ਕਿਉਂ ਕਰਦਾ ਹੈ?

(A) ਅਫਰੇਵੇ ਕਾਰਨ
(B) ਬਹੁਤੀ ਗਰਮੀ ਕਾਰਨ
(C) ਥਕਾਵਟ ਕਾਰਨ
(D) ਸਿਰ ਪੀੜ੍ਹ ਕਾਰਨ

**3.** ਰਾਣੀ ਦੀ ਮੌਤ ਤੋਂ ਬਾਅਦ ਰਾਜਾ ਕੀ ਕਰਦਾ ਹੈ?

(A) ਪ੍ਰਾਣ ਤਿਆਗ ਦਿੰਦਾ ਹੈ।
(B) ਉਪਰਾਮ ਹੋ ਕੇ ਤੀਰਥਾਂ 'ਤੇ ਨਿਕਲ ਜਾਂਦਾ ਹੈ।
(C) ਰਾਜਾ ਬ੍ਰਾਹਮਣਾਂ ਨੂੰ ਦਾਨ-ਦੱਛਣਾ ਦਿੰਦਾ ਹੈ।
(D) ਉਹ ਝੱਟ ਹੀ ਦੂਜਾ ਵਿਆਹ ਕਰਵਾ ਲੈਂਦਾ ਹੈ।

**4.** ਭੈਣ-ਭਰਾ ਅਨੁਸਾਰ ਸੜਕ ਦੇ ਇੱਕ ਪਾਸੇ ਕੌਣ ਪਿਆ ਸੀ?

(A) ਰਾਸ਼ਾ
(B) ਭੂਤ
(C) ਬਿੱਲੀ
(D) ਕੁੱਤਾ

**5.** 'ਪੇਮੀ ਦੇ ਨਿਆਣੇ' ਕਹਾਣੀ ਵਿੱਚ ਦੋਵੇਂ ਭੈਣ-ਭਰਾ ਰੋਜ਼ ਖੇਤ ਤੱਕ ਕਿਉਂ ਜਾਂਦੇ ਸਨ?

(A) ਖੇਤ ਵਿੱਚੋਂ ਮੂਲੀਆਂ ਪੁੱਟਣ
(B) ਬਾਪੂ ਨੂੰ ਮਿਲਣ
(C) ਕਾਮੇ ਦੀ ਰੋਟੀ ਫੜਾਉਣ
(D) ਖੇਡਣ



Unnati Educations
9899436384, 9654279279

**IV.** ਪੁੱਛੇ ਗਏ ਸਾਰੇ ਪ੍ਰਸ਼ਨਾਂ ਦੇ ਉੱਤਰ ਲਿਖੋ : 1×5=5

**1.** 'ਵੇਈਂ ਪ੍ਰਵੇਸ਼' ਪਾਠ ਅਨੁਸਾਰ 'ਵੇਈਂ' ਕੀ ਹੈ?

(A) ਤਲਾਅ (B) ਝੀਲ

(C) ਸਮੁੰਦਰ (D) ਦਰਿਆ

**2.** ਵੇਈਂ ਤੋਂ ਬਾਹਰ ਆਉਣ ਬਾਅਦ ਬਾਬਾ ਨਾਨਕ ਦਾ ਸਾਥੀ ਕੌਣਸੀ?

(A) ਪਰਮੇਸ਼ਰ (B) ਫ਼ਕੀਰ

(C) ਖ਼ਾਨ (D) ਮਰਦਾਨਾ

**3.** ਲੇਖਕ ਦੀ ਦਾਦੀ ਜੀ ਲਈ _____ ਕੋਈ ਸਿਧਾਂਤ ਨਹੀਂ, ਅਕੀਦਾ ਨਹੀਂ-ਸਮੁੱਚਾ ਜੀਵਨ ਹੈ।

(A) ਭਰਮ (B) ਵਹਿਮ

(C) ਗੀਤ (D) ਧਰਮ

**4.** ਲੇਖਕ ਦੇ ਦਾਦੀ ਜੀ ਨੇ ਕਿਹੜੇ ਵਰ੍ਹੇ ਅਕਾਲ ਚਲਾਣਾ ਕੀਤਾ?

(A) ਸੰਨ 1931 (B) ਸੰਨ 1932

(C) ਸੰਨ 1930 (D) ਸੰਨ 1933

**5.** ਦਾਦੀ ਜੀ ਕਿਹੋ ਜਿਹੀਆਂ ਕਹਾਣੀਆਂ ਸੁਣਾਉਂਦੇ ਸਨ?

(A) ਪਰੀਆਂ ਦੀਆਂ (B) ਠੱਗਾਂ ਦੀਆਂ

(C) ਸੋਹਿਣੀ ਸ਼ਹਿਜ਼ਾਦੀ ਦੀਆਂ (D) ਉਪਰੋਕਤ ਸਾਰੀਆਂ



Unnati Educations
9899436384, 9654279279

**V.** ਪੁੱਛੇ ਗਏ ਸਾਰੇ ਪ੍ਰਸ਼ਨਾਂ ਦੇ ਉੱਤਰ ਲਿਖੋ : 1×5=5

**1.** ਕਿਸੇ ਸੱਭਿਆਚਾਰ ਦਾ ਵੱਡਮੁੱਲਾ ਸਰਮਾਇਆ ਕੀ ਹੁੰਦਾ ਹੈ?

(A) ਲੋਕਗੀਤ

(B) ਅਖ਼ਬਾਰ

(C) ਸਿਨੇਮਾ

(D) ਖ਼ਬਰਾਂ

**2.** ਇਹਨਾਂ ਵਿਚੋਂ ਕਿਹੜਾ ਲੋਕ-ਨਾਚ ਨਹੀਂ ਹੈ?

(A) ਭੰਗੜਾ

(B) ਲੁੱਡੀ

(C) ਛੰਦ

(D) ਸੰਮੀ

**3.** ਪੰਜਾਬ ਦੇ ਕਿਸ ਲੋਕ-ਨਾਚ ਨਾਲ ਲੋਕ-ਕਹਾਣੀਆਂ ਜੁੜੀਆਂ ਹੋਈਆਂ ਹਨ?

(A) ਲੁੱਡੀ

(B) ਝੂੰਮਰ

(C) ਸੰਮੀ

(D) ਮਲਵਈ ਗਿੱਧਾ

**4.** ਛਪਾਰ ਦਾ ਮੇਲਾ ਕਿਹੜੇ ਮਹੀਨੇ ਲੱਗਦਾ ਹੈ? ?

(A) ਸਾਵਣ

(B) ਭਾਦਰੋਂ

(C) ਜੇਠ

(D) ਹਾੜ

**5.** 'ਬੰਦੀ ਛੋੜ ਦਿਵਸ' ਕਿਸ ਤਿਉਹਾਰ ਨੂੰ ਕਿਹਾ ਜਾਂਦਾ ਹੈ?

(A) ਦੀਵਾਲੀ

(B) ਤੀਆਂ

(C) ਵਿਸਾਖੀ

(D) ਸੋਢਲ ਦਾ ਮੇਲਾ



Unnati Educations
9899436384, 9654279279

**VI.** ਪੁੱਛੇ ਗਏ ਸਾਰੇ ਪ੍ਰਸ਼ਨਾਂ ਦੇ ਉੱਤਰ ਲਿਖੋ : 1×5=5

**1.** ਬਾਬਾ ਜੀ ਨੇ ਬੈਂਕ ਤੋਂ ਕਰਜ਼ਾ ਕਿਉਂ ਲਿਆ ਸੀ?

(A) ਕੁੜੀ ਦੇ ਵਿਆਹ ਲਈ (B) ਘਰ ਖਰੀਦਣ ਲਈ

(C) ਪਲਾਟ ਖਰੀਦਣ ਲਈ (D) ਟਰੈਕਟਰ ਖਰੀਦਣ ਲਈ

**2.** ਰਾਮੂ ਨੇ ਟੈਚੀ ਵਿੱਚ ਸਮਾਨ ਕਿਉਂ ਪਾਇਆ?

(A) ਆਪਣੇ ਪਿੰਡ ਜਾਣ ਲਈ (B) ਬਾਬਾ ਜੀ ਨੇ ਸ਼ਹਿਰ ਜਾਣਾ ਸੀ

(C) ਬਾਬਾ ਜੀ ਨੇ ਪਿੰਡ ਜਾਣਾ ਸੀ (D) ਰਾਮੂ ਨੇ ਸ਼ਹਿਰ ਜਾਣਾ ਸੀ

**3.** ਪਿੰਡ ਤੋਂ ਸ਼ਹਿਰ ਆਉਣ ਲਈ ਰਾਮੂ ਨੇ ਕਿਸ ਰਾਹੀਂ ਸਫ਼ਰ ਕੀਤਾ?

(A) ਕਾਰ ਰਾਹੀਂ (B) ਬੱਸ ਰਾਹੀਂ

(C) ਟ੍ਰੈਕਟਰ-ਟ੍ਰਾਲੀ ਰਾਹੀਂ (D) ਰੇਲ ਗੱਡੀ ਰਾਹੀਂ

**4.** ਰਾਮੂ ਨੂੰ ਆਈ ਉਸਦੀ ਮਾਂ ਦੀ ਚਿੱਠੀ ਵਿੱਚ ਗੱਲਾਂ ਨਾਲੋਂ ਵੱਧ ਕੀ ਸੀ?

(A) ਅਸੀਸਾਂ (B) ਨਸੀਹਤਾਂ

(C) ਸ਼ਿਕਾਇਤਾਂ (D) ਸੱਮਸਿਆਵਾਂ

**5.** ਰੇਲ ਹਾਦਸੇ ਦੀ ਖਬਰ ਗੁਰਦੁਆਰੇ ਵਿੱਚ ਕਿਸ ਨੇ ਦਿੱਤੀ?

(A) ਗੁਲਵੰਤ ਸਿੰਘ (B) ਗੁਰਮੁਖ ਸਿੰਘ

(C) ਬਲਵੰਤ ਸਿੰਘ (D) ਰਾਮੂ



Unnati Educations
9899436384, 9654279279

**VII.** ਪੁੱਛੇ ਗਏ ਸਾਰੇ ਪ੍ਰਸ਼ਨਾਂ ਦੇ ਉੱਤਰ ਲਿਖੋ : 1×5=5

**1.** ਪ੍ਰਿੰਟਿੰਗ ਮਸ਼ੀਨ ਕਿਹੜੀ ਸਦੀ 'ਚ ਹੋਂਦ ਵਿੱਚ ਆਈ?

(A) 11ਵੀਂ ਸਦੀ (B) 12ਵੀਂ ਸਦੀ

(C) 13ਵੀਂ ਸਦੀ (D) 14ਵੀਂ ਸਦੀ

**2.** ਵਪਾਰਕ ਸੂਚਨਾ ਦੇ ਆਦਾਨ-ਪ੍ਰਦਾਨ ਲਈ ਛਪੀ ਹੋਈ ਸਮਗੱਰੀ ਨੂੰ ਕੀ ਕਹਿੰਦੇ ਹਨ?

(A) ਅਖਬਾਰ (B) ਰਸਾਲਾ

(C) ਖ਼ਬਰ ਚੌਪੰਨੇ (D) ਕਿਤਾਬ

**3.** 'ਪੰਜਾਬੀ ਟ੍ਰਿਬਿਊਨ', 'ਅਜੀਤ', 'ਸਪੋਕਸਮੈਨ', 'ਨਵਾਂ ਜ਼ਮਾਨਾ' ਆਦਿ ਕਿਸ ਦੇ ਨਾਂ ਹਨ?

(A) ਰਸਾਲੇ (B) ਅਖ਼ਬਾਰਾਂ

(C) ਫ਼ਿਲਮਾਂ (D) ਕਿਤਾਬਾਂ

**4.** ਗੁਟਨ ਬਰਗ ਨੇ ਜਰਮਨੀ 'ਚ ਕਿਹੜੀ ਮਸ਼ੀਨ ਤਿਆਰ ਕੀਤੀ?

(A) ਪ੍ਰਿੰਟਿੰਗ ਮਸ਼ੀਨ (B) ਸਿਲਾਈ ਮਸ਼ੀਨ

(C) ਵਾਸ਼ਿੰਗ ਮਸ਼ੀਨ (D) ਸਪ੍ਰੇ ਮਸ਼ੀਨ

**5.** 'ਪੱਤਰਕਾਰੀ ਸਾਹਿਤ ਵੀ ਹੈ ਅਤੇ ______ ਵੀ।' ਵਾਕ ਨੂੰ 'ਮੀਡੀਆ ਤੇ ਪੰਜਾਬੀ ਮੀਡੀਆ' ਪਾਠ ਦੇ ਆਧਾਰ 'ਤੇ ਪੂਰਾ ਕਰੋ।

(A) ਸਿਨੇਮਾ (B) ਪ੍ਰੈੱਸ

(C) ਫ਼ਰਜ (D) ਕਲਾ



**Unnati Educations**
**9899436384, 9654279279**

**VIII.** ਪੁੱਛੇ ਗਏ ਸਾਰੇ ਪ੍ਰਸ਼ਨਾਂ ਦੇ ਉੱਤਰ ਲਿਖੋ : 1×7=7

**1.** 'ਅਨੁਵਾਦ – ਕਾਰਜ ਸਿਰਜਣਾ ਦੀ _____ ਸਿਰਜਣਾ ਹੈ।' ਵਾਕ ਨੂੰ 'ਅਨੁਵਾਦ ਕਲਾ ਅਤੇ ਵਿਗਿਆਪਨ' ਪਾਠ ਦੇ ਆਧਾਰ 'ਤੇ ਪੂਰਾ ਕਰੋ।

(A) ਪੁਨਰ (B) ਖਰਾਬ

(C) ਅਧੂਰੀ (D) ਪੂਰੀ

**2.** ਅਨੁਵਾਦ ਵਿੱਚ ਸੱਭ ਤੋਂ ਜ਼ਰੂਰੀ ਕੀ ਹੁੰਦਾ ਹੈ?

(A) ਭਾਸ਼ਾ (B) ਮੂਲ ਭਾਵ

(C) ਵਿਸ਼ੇਸ਼ਣ (D) ਅਖਾਣ

**3.** ਸਾਹਿਤ ਅੰਦਰ ਕਿਸ ਦੀ ਸੰਸਕ੍ਰਿਤੀ ਸਮੋਈ ਹੁੰਦੀ ਹੈ?

(A) ਸਾਹਿਤ (B) ਅਨੁਵਾਦ

(C) ਪਰਿਵਾਰ (D) ਮੁਲਕ

**4.** ਵੰਨ-ਸੁਵੰਨੀਆਂ ਸੰਸਕ੍ਰਿਤੀਆਂ, ਬਹੁਭਾਸ਼ਾਈ ਸਮਾਜਾਂ ਦਾ ਗਿਆਨ ਕਿਸ ਰਾਹੀਂ ਸੰਭਵ ਹੋ ਸਕਦਾ ਹੈ?

(A) ਸਿਰਜਣਾ (B) ਨਾਵਲ

(C) ਅਨੁਵਾਦ ਕਾਰਜ (D) ਵਿਆਖਿਆ

**5.** ਜਨਮਤ ਨੂੰ ਜਾਗ੍ਰਿਤ ਕੌਣ ਕਰਦਾ ਹੈ? 'ਅਨੁਵਾਦ ਕਲਾ ਅਤੇ ਵਿਗਿਆਪਨ' ਪਾਠ ਦੇ ਆਧਾਰ 'ਤੇ ਦੱਸੋ।

(A) ਵਿਗਿਆਪਨ (B) ਕੰਪਿਊਟਰ

(C) ਅਨੁਵਾਦ (D) ਮੈਗਜ਼ੀਨ

**6.** ਮੀਡੀਆ ਦੀਆਂ ਕਿੰਨੀਆਂ ਕਿਸਮਾਂ ਹਨ?

(A) ਤਿੰਨ (B) ਚਾਰ

(C) ਪੰਜ (D) ਛੇ



Unnati Educations
9899436384, 9654279279

**7.** ਇੱਕ ਦੀ ਗੱਲ ਦੂਜੇ ਤੱਕ ਅਤੇ ਦੂਜੇ ਦੀ ਗੱਲ ਪਹਿਲੇ ਤੱਕ ਪਹੁੰਚਾਉਣ ਦਾ ਕਾਰਜ ਕਰਨ ਵਾਲੇ ਵਿਅਕਤੀ ਨੂੰ ਕੀ ਕਹਿੰਦੇ ਹਨ?

(A) ਵਕਤਾ (B) ਪ੍ਰਵਕਤਾ

(C) ਦੁਭਾਸ਼ੀਆ (D) ਗਾਇਕ

**ਜਾਂ**

ਪੁੱਛੇ ਗਏ ਸਾਰੇ ਪ੍ਰਸ਼ਨਾਂ ਦੇ ਉੱਤਰ ਲਿਖੋ : 1×7=7

**1.** ਹਰ ਭਾਸ਼ਾ ਵਿੱਚ ਕਿਸ ਦੇ ਭੰਡਾਰ ਹਨ?

(A) ਲੋਕ ਗੀਤਾਂ ਦੇ (B) ਕਵਿਤਾ ਦੇ

(C) ਰਿਕਾਰਡਾਂ ਦੇ (D) ਸੰਗੀਤ ਦੇ

**2.** ਇਹਨਾਂ ਵਿੱਚੋਂ ਕਿਹੜੀ ਫ਼ਿਲਮ ਅਸਲ-ਘਟਨਾ 'ਤੇ ਆਧਾਰਿਤ ਹੈ?

(A) ਮਾਹੌਲ ਠੀਕ ਹੈ (B) ਜੀ ਆਇਆਂ ਨੂੰ

(C) ਸ਼ਹੀਦੇ ਮੁਹੱਬਤ (D) ਪੁੱਤ ਜੱਟਾਂ ਦੇ

**3.** 'ਜੀ ਆਇਆਂ ਨੂੰ' ਪੰਜਾਬੀ ਫ਼ਿਲਮ ਦਾ ਵਿਸ਼ਾ ਕੀ ਹੈ?

(A) ਪੰਜਾਬੀ ਪਰਵਾਸੀ (B) ਆਰਟ ਫ਼ਿਲਮ

(C) ਦੇਸ-ਵੰਡ (D) ਮੁਹੱਬਤ

**4.** 'ਪਿੰਜਰ', 'ਫੁੱਟਬਾਲ - ਸ਼ੁੱਟਬਾਲ', 'ਹਵਾਏਂ' ਆਦਿ ਕਿਸ ਦੇ ਨਾਂ ਹਨ?

(A) ਨਾਟਕ (B) ਸ਼ਹਿਰ

(C) ਫ਼ਿਲਮਾਂ (D) ਅਖ਼ਬਾਰਾਂ

**5.** ਗ੍ਰਾਮੋਫੋਨ ਦੇ ਆਉਣ ਨਾਲ ਕਿਸਨੂੰ ਖੰਭ ਲੱਗ ਗਏ?

(A) ਗਾਇਕੀ (B) ਫ਼ਿਲਮਾਂ

(C) ਖ਼ਬਰਾਂ (D) ਪ੍ਰਿੰਟ ਮੀਡੀਆ



**Unnati Educations**
**9899436384, 9654279279**

6. ਭਾਰਤ ਵਿੱਚ ਘਰੇਲੂ ਟੈਲੀਫੋਨ ਕਦੋਂ ਲੱਗਣੇ ਸ਼ੁਰੂ ਹੋਏ?

(A) 1980 ਦੇ ਆਸ-ਪਾਸ (B) 1985 ਦੇ ਆਸ-ਪਾਸ

(C) 1990 ਦੇ ਆਸ-ਪਾਸ (D) 2000 ਦੇ ਆਸ-ਪਾਸ

7. 'ਸੁਰਿੰਦਰ ਕੌਰ', 'ਪ੍ਰਕਾਸ਼ ਕੌਰ', 'ਗੁਰਮੀਤ ਬਾਵਾ' ਆਦਿ ਕਿਸ ਦੇ ਨਾਂ ਹਨ?

(A) ਗਾਇਕਾ (B) ਅਦਾਕਾਰਾ

(C) ਲੇਖਕਾ (D) ਡਾਕਟਰ

**IX.** ਪੁੱਛੇ ਗਏ ਅਨੁਸਾਰ ਤੇਰ੍ਹਾਂ (13) ਪ੍ਰਸ਼ਨਾਂ ਵਿੱਚੋਂ ਕੋਈ **ਦਸ (10)** ਪ੍ਰਸ਼ਨਾਂ ਦੇ ਉੱਤਰ 20-25 ਸ਼ਬਦਾਂ ਵਿੱਚ ਲਿਖੋ : 2×10=20

1. ਭਗਤ ਰਵਿਦਾਸ ਜੀ ਧੂਪ-ਦੀਪ ਨੂੰ ਵੀ ਭਗਤੀ ਦੇ ਯੋਗ ਕਿਉਂ ਨਹੀਂ ਸਮਝਦੇ?

2. ਭਗਤ ਰਵਿਦਾਸ ਜੀ ਅਨੁਸਾਰ ਮਨੁੱਖ ਦੀ ਮੁਕਤੀ ਕਿਵੇਂ ਸੰਭਵ ਹੈ?

3. ਵਾਰਿਸ ਸ਼ਾਹ ਦੇ ਕਿਸ ਕੰਮ ਦਾ ਜ਼ਿਕਰ ਇਸ ਕਵਿਤਾ ਵਿੱਚ ਹੋਇਆ ਹੈ?

4. 'ਪੰਜਾਬ' ਕਵਿਤਾ ਵਿੱਚ ਕਵੀ ਨੇ ਪੰਜਾਬ ਦੀ ਭੂਗੋਲਿਕ ਖੂਬਸੂਰਤੀ ਬਾਰੇ ਕੀ ਦੱਸਿਆ ਹੈ?

5. ਰਾਤੀਂ ਨੀਂਦ ਵਿੱਚ ਕਾਕੇ ਦੀ ਬੁੜਬੜਾਹਟ ਸੁਣ ਕੇ ਲੇਖਕ ਦੀ ਪਤਨੀ ਕੀ ਕਹਿੰਦੀ ਹੈ?

6. ਲੇਖਕ ਬਲਰਾਜ ਸਾਹਨੀ ਅਰਾਮ ਕਿਉਂ ਕਰਨਾ ਚਾਹੁੰਦਾ ਹੈ? ਪਰ ਉਹ ਅਰਾਮ ਕਿਉਂ ਨਹੀਂ ਕਰ ਪਾਉਂਦਾ?

7. ਖਬਰਾਂ ਦੀਆਂ ਕਿਸਮਾਂ ਦੇ ਨਾਂ ਲਿਖੋ।

8. ਅਖ਼ਬਾਰਾਂ ਵਿੱਚ ਇਸ਼ਤਿਹਾਰ ਦਾ ਕੀ ਮਹੱਤਵ ਹੈ?

9. ਵਿਹਲਾ ਸਮਾਂ ਕਿਸ ਕੋਲ ਨਹੀਂ ਹੁੰਦਾ? ਅਤੇ ਕਿਸ ਕੋਲ ਹੁੰਦਾ ਹੈ?

10. ਸਾਊਪੁਣਾ ਕੀ ਹੈ?



Unnati Educations
9899436384, 9654279279

**11.** ਮੌਖਿਕ ਅਨੁਵਾਦ ਵੇਲੇ ਪਹਿਲੀ ਜ਼ਰੂਰੀ ਗੱਲ ਕੀ ਹੈ?

**12.** ਯਾਂਤਰਿਕ ਅਨੁਵਾਦ ਦੀ ਪ੍ਰਕ੍ਰਿਆ ਵਿੱਚ ਮਸ਼ੀਨੀ ਅਨੁਵਾਦ ਵਿੱਚ ਕਿੰਨੀਆਂ ਅਤੇ ਕਿਹੜੀਆਂ ਚੀਜ਼ਾਂ ਦੀ ਲੋੜ ਪੈਂਦੀ ਹੈ?

**13.** ਪੰਜਾਬੀ ਵਿੱਚ ਕਿਹੜੀਆਂ ਤਿੰਨ ਕਿਸਮਾਂ ਦੇ ਨਾਟਕ ਖੇਡੇ ਜਾਂਦੇ ਹਨ? ਨਾਂ ਦੱਸੋ।

**X.** ਪੁੱਛੇ ਗਏ ਅਨੁਸਾਰ ਤਿੰਨ (3) ਪ੍ਰਸ਼ਨਾਂ ਵਿੱਚੋਂ ਕੋਈ **ਦੋ (2)** ਪ੍ਰਸ਼ਨਾਂ ਦੇ ਉੱਤਰ 40-50 ਸ਼ਬਦਾਂ ਵਿੱਚ ਲਿਖੋ: 3×2=6

**1.** ਫੀਰੋਜ਼ਦੀਨ ਸ਼ਰਫ਼ ਆਪਣੀ ਕਵਿਤਾ 'ਪੰਜਾਬ' ਰਾਹੀਂ ਕੀ ਕਹਿਣਾ ਚਾਹੁੰਦਾ ਹੈ?

**2.** ਗੀਤ ਕਿਹੋ ਜਿਹੀ ਵਿਧਾ ਹੈ? 40-50 ਸ਼ਬਦਾਂ ਵਿੱਚ ਲਿਖੋ।

**3.** ਭਾਸ਼ਾਂਤਰਕਾਰ ਦੀਆਂ ਅੰਤਰ ਸੰਬੰਧਤ ਮਾਨਸਿਕ ਪ੍ਰਕ੍ਰਿਆਵਾਂ ਬਾਰੇ ਚਰਚਾ ਕਰੋ।

**XI.** ਪੁੱਛੇ ਗਏ ਅਨੁਸਾਰ ਪੰਜ (5) ਪ੍ਰਸ਼ਨਾਂ ਵਿੱਚੋਂ ਕੋਈ **ਤਿੰਨ (3)** ਪ੍ਰਸ਼ਨਾਂ ਦੇ ਉੱਤਰ 70-80 ਸ਼ਬਦਾਂ ਵਿੱਚ ਲਿਖੋ: 4×3=12

**1.** 'ਜਿੱਥੇ ਵੱਜਦੀ ਸੀ ਫੂਕ ਪਿਆਰ ਦੀ,
ਵੇ ਉਹ ਵੰਝਲੀ ਗਈ ਗੁਆਚ।
ਰਾਂਝੇ ਦੇ ਸਭ ਵੀਰ ਅੱਜ,
ਭੁੱਲ ਗਏ ਉਹਦੀ ਜਾਚ।
ਧਰਤੀ 'ਤੇ ਲਹੂ ਵੱਗਿਆ,
ਕਬਰਾਂ ਪਈਆਂ ਚੋਣ।
ਪ੍ਰੀਤ ਦੀਆਂ ਸ਼ਹਿਜ਼ਾਦੀਆਂ,
ਵਿੱਚ ਮਜ਼ਾਰਾਂ ਰੋਣ।'

ਉਪਰੋਕਤ ਕਾਵਿ-ਸਤਰਾਂ ਦੀ ਪ੍ਰਸੰਗ-ਸਹਿਤ ਵਿਆਖਿਆ ਕਰੋ।


Unnati Educations
9899436384, 9654279279

**2.** 'ਭਾਈ ਘਨ੍ਹਈਆ ਜੀ' ਇਕਾਂਗੀ ਦੇ ਪਾਤਰ ਬਾਬਾਜੀ ਦਾ ਪਾਤਰ ਚਿਤਰਨ ਕਰੋ।

**3.** 'ਕੁਲਫ਼ੀ' ਕਹਾਣੀ ਦੀ ਮੂਲ ਸਮੱਸਿਆ ਕੀ ਹੈ?

**4.** ਵਕਤ ਦੀ ਸੰਭਾਲ ਕਿਵੇਂ ਕੀਤੀ ਜਾ ਸਕਦੀ ਹੈ? 'ਵਕਤ ਦੀ ਕਦਰ' ਪਾਠ ਦੇ ਆਧਾਰ 'ਤੇ ਦੱਸੋ।

**5.** ਦੂਰਦਰਸ਼ਨ ਲਈ ਲਿਖਣ ਪ੍ਰਕ੍ਰਿਆ ਦੇ ਅੰਤਰਗਤ ਦ੍ਰਿਸ਼ ਗਿਆਨ ਦਾ ਕੀ ਮਹੱਤਵ ਹੈ?

**XII.** ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ 125-150 ਸ਼ਬਦਾਂ ਵਿੱਚ ਲੇਖ ਲਿਖੋ: 6×1=6

ਮਿੱਠਤ ਨੀਵੀਂ ਨਾਨਕਾ ਗੁਣ ਚੰਗਿਆਈਆਂ ਤਤੁ

ਜਾਂ

ਮੋਬਾਈਲ ਫੋਨ

**XIII.** ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ ਪੱਤਰ ਲਿਖੋ : 6×1=6

ਆਪਣੀ ਛੋਟੀ ਭੈਣ ਨੂੰ ਚਿੱਠੀ ਲਿਖੋ ਜਿਸ ਵਿੱਚ ਉਸਨੂੰ ਵਾਧੂ ਫੈਸ਼ਨ ਦੇ ਨੁਕਸਾਨ ਦੱਸ ਕੇ ਕੁਝ ਸਿਰਜਣਾਤਮਕ ਕਰਨ ਲਈ ਕਹੋ।

ਜਾਂ

ਆਪਣੇ ਇਲਾਕੇ ਵਿੱਚ ਵਾਰ-ਵਾਰ ਬਿਜਲੀ ਜਾਣ ਦੀ ਸਮੱਸਿਆ ਬਾਰੇ ਬਿਜਲੀ ਵਿਭਾਗ ਦੇ ਅਧਿਕਾਰੀ ਨੂੰ ਚਿੱਠੀ ਲਿਖੋ।

★ ★ ★


Unnati Educations
9899436384, 9654279279